Student/Registration Number | | | | | | | | | | | Centre Number | | | | | | |

## 2016 Public Examination

# Punjabi

## Continuers Level

**Wednesday 19 October: 2 pm Australian Eastern Daylight Time**

Reading Time: 10 minutes
Working Time: 2 hours and 30 minutes

- *You have 10 minutes to read all the papers and to familiarise yourself with the requirements of the questions. You must not write during this time.*
- *Monolingual and/or bilingual printed dictionaries may be consulted during the reading time and also during the examination.*

## Section 1: Listening and Responding (30 marks)

**Instructions to Students**

1. Allow approximately 40 minutes for Section 1.
2. Write all your answers to the questions in Section 1 in this booklet in black or blue pen. Space is provided for you to make notes.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

© Victorian Curriculum and Assessment Authority 2016

**Part A** (Questions 1–3)
(15 marks)

---

*Your response will be assessed on how well you:*

- *understand general and specific aspects of texts by identifying and analysing information and convey the information accurately and appropriately.*

---

You will hear THREE texts. Each text will be played twice. There will be a short break between the first and second playings of each text. You may make notes at any time.

Listen carefully to each text and then answer the questions in ENGLISH.

**Marks** | You may make notes in this space.

**Text 1**

1. Summarise the phone message to Riti. **5**

Marks | You may make notes in this space.

**Text 2**

2. Complete the following table. **5**

| | |
|---|---|
| **Purpose of announcement** | |
| **People requested to board** | • ______<br>• ______<br>• ______ |
| **Reason for delay** | |

**Text 3**

3. (a) What is the purpose of this interview? **1**

______

______

(b) Provide evidence from the text that Sandy Kumar does **not** respond to the interviewer's question. **2**

______

______

______

______

(c) How is the money from recycling being used? **2**

______

______

______

______

**Part B** (Questions 4–6)
(15 marks)

---

*Your response will be assessed on how well you:*

- *understand general and specific aspects of texts by identifying and analysing information and convey the information accurately and appropriately.*

---

You will hear THREE texts. Each text will be played twice. There will be a short break between the first and second playings of each text. You may make notes at any time.

Listen carefully to each text and then answer the questions in PUNJABI.

**Marks** | You may make notes in this space.

**Text 4**

4. What are the similarities and differences in the recipes for buttered lentils and roasted eggplant? In your response, provide **two** similarities and **three** differences. **5**

   ਦਾਲ ਮਖਣੀ ਅਤੇ ਭੁੰਨੇ ਹੋਏ ਬੈਂਗਣ ਬਣਾਉਣ ਦੀਆਂ ਵਿਧੀਆਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਕਿਹੜੀਆਂ ਕਿਹੜੀਆਂ ਹਨ? ਆਪਣੇ ਜਵਾਬ ਵਿੱਚ **ਦੋ** ਸਮਾਨਤਾਵਾਂ ਅਤੇ **ਤਿੰਨ** ਵਖਰੇਵੇਂ ਮੁਹੱਈਆ ਕਰੋ।

___

___

___

___

___

___

___

___

**Marks**

You may make notes in this space.

**Text 5**

5. In a paragraph, summarise the employer's requirements for this position. **5**

ਇੱਕ ਪੈਰ੍ਹੇ (ਖੰਡ) ਵਿੱਚ ਮਾਲਕ ਦੀਆਂ ਇਸ ਨੌਕਰੀ ਬਾਰੇ ਜ਼ਰੂਰਤਾਂ ਸੰਖੇਪ ਰੂਪ ਵਿੱਚ ਲਿਖੋ।

Marks | You may make notes in this space.

**Text 6**

6. (a) What is the occasion being discussed and who will participate? **2**
ਕਿਹੜੇ ਮੌਕੇ ਬਾਰੇ ਗੱਲਬਾਤ ਹੋ ਰਹੀ ਹੈ ਅਤੇ ਇਸ ਵਿੱਚ ਕੌਣ ਭਾਗ ਲਵੇਗਾ?

(b) Explain what will be performed that is significant and by whom this will be performed. **3**
ਕਿਹੜੀਆਂ ਮਹੱਤਵਪੂਰਨ ਚੀਜ਼ਾਂ ਪੇਸ਼ ਕੀਤੀਆਂ ਜਾਣਗੀਆਂ ਅਤੇ ਕੌਣ ਪੇਸ਼ ਕਰੇਗਾ, ਵਰਣਨ ਕਰੋ।

**End of Section 1**

| Student/Registration Number | | | | | | | | | | | | Centre Number | | | | | | |
|---|---|---|---|---|---|---|---|---|---|---|---|---|---|---|---|---|---|---|

**2016 Public Examination**

# Punjabi

## Continuers Level

### Section 2: Reading and Responding (25 marks)

**Instructions to Students**

1. Allow approximately 1 hour and 10 minutes for Section 2.
2. Write all your answers to the questions in Section 2 in this booklet in black or blue pen.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

© Victorian Curriculum and Assessment Authority 2016

**Part A** (Questions 7–8)
(10 marks)

---

*Your response will be assessed on how well you:*

- *understand general and specific aspects of texts (for example, by comparing, contrasting, summarising and/or evaluating) and convey the information appropriately.*

---

7. Read the text and then answer in ENGLISH the question that follows.

## ਕੀੜੀਆਂ ਆਪਣੇ ਭਾਰ ਨਾਲੋਂ 1000 ਗੁਣਾ ਭਾਰ ਚੁੱਕ ਸਕਦੀਆਂ ਹਨ।

ਮਨੁੱਖਾਂ ਤੋਂ ਇਲਾਵਾ, ਕੀੜੀਆਂ ਉਨ੍ਹਾਂ ਜੀਵਾਂ ਵਿੱਚੋਂ ਇੱਕ ਹਨ ਜਿਹੜੇ ਮਿਲਵਰਤਨ ਨਾਲ ਚੀਜ਼ਾਂ ਬਨਾਉਣ ਅਤੇ ਆਪਣੇ ਵਿੱਤ ਤੋਂ ਜ਼ਿਆਦਾ ਭਾਰ ਉਠਾ ਸਕਦੇ ਹਨ।

ਸੋਚੋ, ਜਦੋਂ ਪਹਿਲੀ ਕੀੜੀ ਅਚਾਨਕ ਬਿੱਲੀ ਦੇ ਖਾਣੇ ਨਾਲ ਟਕਰਾਈ ਤਾਂ ਇਹ ਆਪਣੀ ਖੁੱਡ ਵੱਲ ਭੱਜਦਿਆਂ ਫੈਰਮੋਨ ਨਾਂ ਦਾ ਰਸਾਇਣ ਛਿੜਕਦੀ ਗਈ। ਹੋਰ ਕੀੜੀਆਂ ਫੈਰਮੋਨ ਦੀ ਲਕੀਰ ਤੇ ਤੁਰਦਿਆਂ ਬਿੱਲੀ ਦੇ ਖਾਣੇ ਵੱਲ ਗਈਆਂ। ਬਹੁਤ ਛੇਤੀ ਬਿੱਲੀ ਦੇ ਖਾਣੇ ਦੇ ਛੋਟੇ-ਛੋਟੇ ਕਣ ਲਿਜਾਂਦੀਆਂ ਕੀੜੀਆਂ ਦੀਆਂ ਵਹੀਰਾਂ ਬਣ ਗਈਆਂ। ਇਨ੍ਹਾਂ ਦੀ ਇੱਕ ਟੋਲੀ ਆਪਣੇ ਸਿਰ ਅਤੇ ਐਂਟੀਨੇ (ਟੋਹਣੀ) ਖਾਣੇ ਵਿੱਚ ਫਸਾ ਕੇ ਇਸ ਨੂੰ ਚੁੱਕ ਕੇ ਖਿੱਚਣਾ ਸ਼ੁਰੂ ਕਰਦੀ ਹੈ।

ਆਉ ਹੁਣ ਇਨ੍ਹਾਂ ਦੇ ਸਮੂਹਿਕ ਵਰਤਾਵੇ ਵਿੱਚ ਵਿਅਕਤੀਗਤ ਵਰਤਾਵਾ ਦੇਖੀਏ। ਮੰਨ ਲਉ ਕੋਈ ਕੀੜੀ ਫੈਰਮੋਨ ਦੀ ਰਾਹ ਤੋਂ ਲੰਘੀ ਤੇ ਉਸਨੇ ਖਾਣੇ ਨੂੰ ਚੁੱਕ ਕੇ ਆਪਣੀ ਖੁੱਡ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ। ਉਹ ਹੁਣ ਅਗਵਾਈ ਅਤੇ ਦਿਸ਼ਾ ਦੇਣ ਵਾਲੀ ਕੀੜੀ ਹੈ। ਪਹਿਲਾਂ ਉਹ ਕੀੜੀ ਆਪਣਾ ਸਥਾਨ ਅਤੇ ਭੂਮਿਕਾ ਬਦਲਦੀ ਹੈ ਅਤੇ ਆਗੂ ਤੇ ਦਿਸ਼ਾ ਦੇਣ ਵਾਲੀ ਤੋਂ ਬਦਲ ਕੇ ਭਾਰ ਚੁੱਕਣ ਅਤੇ ਖਿੱਚਣ ਵਾਲੀ ਬਣ ਜਾਂਦੀ ਹੈ। ਦੂਸਰਾ ਉਹ ਛੱਡ ਜਾਂਦੀ ਹੈ ਤੇ ਹੋਰ ਕੀੜੀ ਉਸ ਦਾ ਸਥਾਨ ਲੈਂਦੀ ਹੈ। ਜ਼ਿਆਦਾ ਕਰਕੇ ਇਸ ਨਵੀਂ ਕੀੜੀ ਨੂੰ ਪਤਾ ਹੁੰਦਾ ਹੈ ਕਿ ਖੁੱਡ ਕਿੱਥੇ ਹੈ ਤੇ ਇਹ ਭਾਰ ਨੂੰ ਥੋੜੇ ਸਮੇਂ ਲਈ ਦਿਸ਼ਾ ਦੇਵੇਗੀ।

ਕੀੜੀਆਂ ਆਪਣੇ ਕੰਮ ਵਾਰੀ ਅਨੁਸਾਰ ਕਰਦੀਆਂ ਹਨ। ਜਿਵੇਂ ਸਥਾਨਿਕ ਜਾਣਕਾਰੀ, ਸੁਰੱਖਿਅਕ ਦੇ ਤੌਰ ਤੇ, ਭਾਰ ਚੁੱਕਣਾ ਅਤੇ ਦਿਸ਼ਾ ਦੇਣਾ ਆਦਿ। ਆਗੂ ਤੇ ਭਾਰ ਚੁੱਕਣ ਵਾਲੀਆਂ ਇੱਕ ਦੂਜੇ ਦੀ ਮਦਦ ਕਰਦੀਆਂ ਹਨ ਅਤੇ ਲਗਾਤਾਰ ਆਪਣੇ ਕੰਮਾਂ ਵਿੱਚ ਵਾਰੀ-ਵਾਰੀ ਅੰਦਰ ਬਾਹਰ ਜਾਂਦੀਆਂ ਹਨ। ਲਗਭਗ 10 ਪ੍ਰਤੀਸ਼ਤ ਆਗੂ ਤੇ 90 ਪ੍ਰਤੀਸ਼ਤ ਭਾਰ ਢੋਣ ਵਾਲੀਆਂ ਹਨ।

Source: adapted from Karl S Kruszelnicki, 'Ants use brains and brawn to share the load', ABC Science, 15 December 2015

QUESTION

**Marks**

Apart from the title and the source, provide **five** pieces of evidence from the text suggesting that ants are intelligent and resourceful. **5**

8. Read the text and then answer in ENGLISH the question that follows.

ਪਿਆਰੇ ਸਹਿਕਰਮੀਓ,
ਸਤਿ ਸ੍ਰੀ ਅਕਾਲ,

ਮੈਨੂੰ ਮਾਣ ਕਿ ਸਾਡੇ ਗਣਿਤ ਦੇ ਅਧਿਆਪਕ ਸ੍ਰੀ ਤਿਲਕ ਰਾਮ ਦੀ ਪ੍ਰਸਿੱਧ, ਪ੍ਰੇਰਨਾਤਮਕ ਤੇ ਪੇਸ਼ਾਵਰ ਜੀਵਨ-ਯਾਤਰਾ ਬਾਰੇ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ।

ਤਿਲਕ ਨੇ ਇਸ ਸਕੂਲ ਵਿੱਚ ਆਪਣੇ ਪੇਸ਼ਾਵਰ ਜੀਵਨ ਦਾ ਸਫ਼ਰ 1980 ਵਿੱਚ ਗਣਿਤ ਅਤੇ ਵਿਗਿਆਨ ਦੇ ਅਧਿਆਪਕ ਵਜੋਂ ਸ਼ੁਰੂ ਕੀਤਾ। ਉਹ ਸਾਡੇ ਸਕੂਲ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਦੇ ਜ਼ਰੂਰੀ ਅੰਗ ਬਣ ਗਏ। ਇਨ੍ਹਾਂ ਨੇ ਸੱਤਵੀਂ-ਅੱਠਵੀਂ ਜਮਾਤਾਂ ਲਈ ਵੱਖ-ਵੱਖ ਥਾਵਾਂ ਤੇ ਕਈ ਕੈਂਪ ਆਯੋਜਤ ਕੀਤੇ। ਇਨ੍ਹਾਂ ਨੇ ਅੱਲ੍ਹੜ ਵਿਦਿਆਰਥੀਆਂ ਨੂੰ ਆਪਸੀ ਗੱਲਬਾਤ, ਸਮੂਹਕ ਕੰਮ ਅਤੇ ਅਗਵਾਈ ਕਰਨ ਵਾਲੇ ਹੁਨਰ ਸਿੱਖਣ ਵਿੱਚ ਮਦਦ ਕੀਤੀ। ਆਪਣੇ ਖੇਤਰ ਦੇ ਮਾਹਿਰ ਹੋਣ ਵਜੋਂ, ਇਨ੍ਹਾਂ ਨੇ ਸੱਤਵੀਂ ਤੋਂ ਬਾਰ੍ਹਵੀਂ ਦੀਆਂ ਕਈ ਜਮਾਤਾਂ ਲਈ ਗਣਿਤ ਦੇ ਮੁਕਾਬਲੇ ਆਯੋਜਤ ਕਰਕੇ ਕਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸਾਡੇ ਕਈ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਤੋਂ ਵੱਧ ਕੇ ਇਹ ਸੱਤਵੀਂ ਜਮਾਤ ਦੀਆਂ ਪਰਿਵਰਤਨ ਜਮਾਤਾਂ ਨੂੰ ਆਯੋਜਤ ਕਰਨ ਵਾਲੀ ਟੋਲੀ ਦਾ ਇੱਕ ਹਿੱਸਾ ਰਹੇ ਹਨ। ਇਹ ਕਈ ਨਵੇਂ ਅਧਿਆਪਕਾਂ ਦੇ ਸਿੱਖਿਅਕ ਰਹੇ ਹਨ। ਇਨ੍ਹਾਂ ਨੇ ਨਵੇਂ ਅਧਿਆਪਕਾਂ ਲਈ ਹਿਸਾਬੀ ਯੰਤਰ, ਅੰਕੜਿਆਂ ਦੀ ਸੰਭਾਲ ਤੇ ਵਿਦਿਆਰਥੀਆਂ ਦੇ ਅਨੁਸ਼ਾਸਨ ਸੰਬੰਧੀ ਹੁਨਰ ਸਿੱਖਣ ਲਈ ਪੇਸ਼ਾਵਰ ਗਤੀਵਿਧੀਆਂ ਆਯੋਜਤ ਕੀਤੀਆਂ। ਤਿਲਕ ਨੇ ਸੱਤਵੀਂ-ਅੱਠਵੀਂ ਦੀਆਂ ਵਿਦਿਆਰਥਣਾਂ ਨੂੰ ਫੁੱਟਬਾਲ ਤੇ ਗੇਂਦ-ਬੱਲੇ ਦੀ ਸਿਖਲਾਈ ਦੇ ਕੇ ਸਕੂਲ ਦੇ ਖੇਡਾਂ ਦੇ ਪ੍ਰੋਗਰਾਮ ਵਿੱਚ ਵੀ ਯੋਗਦਾਨ ਦਿੱਤਾ। ਸਾਡੀ ਛੋਟੀ ਗੇਂਦ-ਬੱਲੇ ਵਾਲੀ ਟੋਲੀ ਨੇ ਰਾਜ-ਪੱਧਰ ਦਾ ਮੁਕਾਬਲਾ ਇਨ੍ਹਾਂ ਦੀ ਸਿਖਲਾਈ ਕਰਕੇ ਜਿੱਤਿਆ। ਇਹ ਬੜੇ ਮਿਹਨਤੀ, ਨਿਮਰ ਤੇ ਮਿਲ਼ਣਸਾਰ ਅਧਿਆਪਕ ਹਨ। ਸਾਡਾ ਸਕੂਲ ਇਨ੍ਹਾਂ ਦੇ ਪਿਛਲੇ 36 ਸਾਲਾਂ ਤੋਂ ਦਿੱਤੇ ਯੋਗਦਾਨਾਂ ਤੋਂ ਵਾਂਝਾ ਹੋ ਜਾਏਗਾ। ਅਸੀਂ ਇਨ੍ਹਾਂ ਦੀ ਸੇਵਾ ਨਿਵਿਰਤ ਜਿੰਦਗੀ ਵਿੱਚ ਖ਼ੁਸ਼ੀ ਦੀ ਕਾਮਨਾ ਕਰਦੇ ਹਾਂ। ਧੰਨਵਾਦ।

QUESTION

**Marks**

Apart from camping, and mathematics- and science-related activities, summarise **five** extracurricular activities to which Tilak made a significant contribution. **5**

**Part B** (Question 9)
(15 marks)

---

*Your response will be assessed on how well you:*
- *demonstrate an understanding of the stimulus text*
- *write text appropriate and relevant to context, purpose and audience*
- *structure and sequence information and ideas*
- *manipulate language structures and vocabulary in Punjabi.*

---

9. Read the text and then answer the question in approximately 150 words in PUNJABI on page 7.

ਤੁਹਾਡਾ ਭੇਜਿਆ ਹੋਇਆ ਖੋਜ ਨਿਬੰਧ ਜਿਸਦਾ ਸਿਰਲੇਖ "ਭਾਰਤੀ ਖੇਤਰ ਤੋਂ ਬਾਹਰ ਪੰਜਾਬੀ ਭਾਸ਼ਾ ਦਾ ਦਰਜਾ ਅਤੇ ਵਿਕਾਸ" ਨੂੰ ਉਸ ਅੰਤਰਰਾਸ਼ਟਰੀ ਸਾਹਿਤਕ ਸੰਮੇਲਨ ਜੋ ਕਿ ਬਰਸਲਜ਼ (ਬੈਲਜੀਅਮ) ਵਿੱਚ 5 ਤੋਂ 7 ਦਸੰਬਰ 2016 ਨੂੰ ਹੋ ਰਿਹਾ ਹੈ, ਵਿੱਚ ਪੇਸ਼ ਕੀਤੇ ਜਾਣ ਲਈ ਪ੍ਰਵਾਨ ਕਰ ਲਿਆ ਗਿਆ ਹੈ। ਤੁਹਾਨੂੰ ਇਹ ਜਾਣਕਾਰੀ ਇੱਕ ਈ-ਮੇਲ ਰਾਹੀਂ ਮਿਲੀ ਹੈ। ਈ-ਮੇਲ ਵਿੱਚ ਇਸ ਸੰਮੇਲਨ ਦੇ ਸੰਚਾਲਕਾਂ ਨੇ ਤੁਹਾਨੂੰ ਇਸ ਸੰਮੇਲਨ ਵਿੱਚ ਹਿੱਸਾ ਲੈਣ ਦੇ ਸਮੇਂ ਦੇ ਦੌਰਾਨ ਮੁਫ਼ਤ ਰਿਹਾਇਸ਼, ਖਾਣ-ਪੀਣ, ਅਤੇ ਸੀਮਿਤ ਸਥਾਨਿਕ ਆਵਾਜਾਈ ਦਾ ਖਰਚਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਪਰੰਤੂ ਤੁਹਾਡੇ ਅੰਤਰਰਾਸ਼ਟਰੀ ਹਵਾਈ ਸਫ਼ਰ ਦਾ ਖਰਚਾ ਤੁਹਾਨੂੰ ਆਪ ਕਰਨਾ ਪੈਣਾ ਹੈ।

ਤੁਸੀਂ ਖੁਸ਼ੀ ਮਹਿਸੂਸ ਕਰ ਰਹੇ ਹੋ ਕਿ ਤੁਹਾਡੀ ਲੰਮੇ ਸਮੇਂ ਦੀ ਲਗਨ ਨਾਲ ਕੀਤੀ ਮਿਹਨਤ ਸਫ਼ਲ ਹੋਈ ਹੈ। ਤੁਹਾਡੀ ਇਹ ਖਾਹਿਸ਼ ਹੈ ਕਿ ਤੁਸੀਂ ਇਸ ਸੰਮੇਲਨ ਵਿੱਚ ਸ਼ਾਮਿਲ ਹੋ ਕੇ ਆਪਣਾ ਖੋਜ ਨਿਬੰਧ ਸਾਂਝਾ ਕਰਕੇ ਅੰਤਰ ਰਾਸ਼ਟਰੀ ਪੱਧਰ ਤੇ ਆਪਣੀ ਭਾਸ਼ਾ ਦੀ ਪ੍ਰਤੀਨਿਧਤਾ ਕਰੋ ਪਰ ਆਰਥਿਕ ਮੁਸ਼ਕਿਲ ਕਰਕੇ ਇਸਨੂੰ ਇਕੱਲਿਆਂ ਸਿਰੇ ਲਾਉਣਾ ਆਸਾਨ ਨਹੀਂ ਹੈ।

QUESTION

Write a formal letter to the President of the Australian Punjabi Educational and Cultural Society, explaining your situation and requesting financial assistance so that you will be able to participate in this conference. In your letter, highlight the importance of your work and the benefits for the Punjabi community if you participate in this conference.

"ਆਸਟ੍ਰੇਲੀਅਨ ਪੰਜਾਬੀ ਵਿੱਦਿਅਕ ਤੇ ਸੱਭਿਆਚਾਰਕ ਸੰਸਥਾ" ਦੇ ਪ੍ਰਧਾਨ ਨੂੰ ਇੱਕ ਰਸਮੀ ਪੱਤਰ ਲਿਖਕੇ ਆਪਣੀ ਹਾਲਤ ਨੂੰ ਦਰਸਾਉਂਦੇ ਹੋਏ ਮਾਲੀ ਮਦਦ ਦੀ ਬੇਨਤੀ ਕਰੋ ਤਾਂ ਕਿ ਤੁਸੀਂ ਉਸ ਸੰਮੇਲਨ ਵਿੱਚ ਹਿੱਸਾ ਲੈ ਸਕੋ। ਆਪਣੀ ਚਿੱਠੀ ਵਿੱਚ ਆਪਣੇ ਕੰਮ ਦੀ ਮਹੱਤਤਾ ਅਤੇ ਤੁਹਾਡੇ ਸ਼ਾਮਲ ਹੋਣ ਨਾਲ ਪੰਜਾਬੀ ਭਾਈਚਾਰੇ ਨੂੰ ਹੋਣ ਵਾਲੇ ਫ਼ਾਇਦਿਆਂ ਨੂੰ ਵੀ ਉਜਾਗਰ ਕਰੋ।

---

You may make notes in this space.

*Do not remove this page from the question booklet.*

| Student/Registration Number | | | | | | | | | | | |
|---|---|---|---|---|---|---|---|---|---|---|---|

| Centre Number | | | | | | |
|---|---|---|---|---|---|---|

Punjabi
Continuers Level

Question 9



PLEASE TURN OVER

**End of Section 2**

Student/Registration Number | | | | | | | | | | | Centre Number | | | | | | |

**2016 Public Examination**

# Punjabi

## Continuers Level

## Section 3: Writing in Punjabi (20 marks)

**Instructions to Students**

1. Allow approximately 40 minutes for Section 3.
2. Write your answer to a question from Section 3 in this booklet in black or blue pen. Space is provided for you to make notes.
3. You must answer ONE question in PUNJABI.
4. Write your student/registration number and the centre number (if required) on the front cover of this booklet.
5. All question booklets will be collected at the end of the examination.

© *Victorian Curriculum and Assessment Authority 2016*

**Section 3** (Questions 10–12)
(20 marks)

---

*Your response will be assessed on how well you:*
- *demonstrate depth of treatment of information, ideas and/or opinions*
- *write text appropriate and relevant to context, purpose and audience*
- *structure and sequence information and ideas*
- *manipulate language structures and vocabulary in Punjabi.*

---

Answer ONE question from this section in approximately 250 words in PUNJABI.

10. Write a persuasive article about a current problem faced by youth in the Punjab for a Punjabi community newspaper, highlighting possible remedial steps and solutions that could be taken to tackle this problem.

    ਪੰਜਾਬ ਦੀ ਨੌਜਵਾਨ ਪੀੜ੍ਹੀ ਦੁਆਰਾ ਦਰਪੇਸ਼ ਹੁੰਦੀ ਕੋਈ ਇੱਕ ਮੌਜੂਦਾ ਸਮੱਸਿਆ ਬਾਰੇ ਪੰਜਾਬੀ ਭਾਈਚਾਰੇ ਦੇ ਅਖ਼ਬਾਰ ਲਈ ਇੱਕ ਪਰੇਰਣਾਮਈ ਲੇਖ ਲਿਖਕੇ ਉਜਾਗਰ ਕਰੋ ਕਿ ਇਸ ਸਮੱਸਿਆ ਨਾਲ ਸਿੱਝਣ ਅਤੇ ਸੁਧਾਰ ਕਰਨ ਲਈ ਕੀ ਸੰਭਵ ਕਦਮ ਚੁੱਕੇ ਜਾ ਸਕਦੇ ਹਨ।

11. Your two friends, Baljit and Sukhpreet, told you about two separate weddings they attended in India. Baljit attended his male cousin's wedding and Sukhpreet went to his female cousin's wedding. Both weddings were different. Write an informal letter to your Australian friend, explaining the similarities and differences in each wedding.

    ਤੁਹਾਡੇ ਦੋ ਦੋਸਤ ਬਲਜੀਤ ਤੇ ਸੁਖਪਰੀਤ ਨੇ ਦੱਸਿਆ ਕਿ ਉਹ ਭਾਰਤ ਵਿੱਚ ਦੋ ਵੱਖ ਵੱਖ ਵਿਆਹਾਂ ਵਿੱਚ ਸ਼ਾਮਿਲ ਹੋਣ ਲਈ ਗਏ। ਬਲਜੀਤ ਨੇ ਆਪਣੇ ਚਚੇਰੇ ਭਰਾ ਅਤੇ ਸੁਖਪਰੀਤ ਨੇ ਆਪਣੀ ਚਚੇਰੀ ਭੈਣ ਦੇ ਵਿਆਹ ਦੇਖੇ। ਦੋਵੇਂ ਵਿਆਹ ਵੱਖਰੇ ਸਨ। ਆਪਣੇ ਆਸਟਰੇਲੀਆ ਵਿੱਚ ਰਹਿੰਦੇ ਦੋਸਤ ਨੂੰ ਦੋਹਾਂ ਵਿਆਹਾਂ ਦੀਆਂ ਸਮਾਨਤਾਵਾਂ ਅਤੇ ਵਖਰੇਵੇਂ ਨੂੰ ਵਰਣਨ ਕਰਦੀ ਇੱਕ ਗ਼ੈਰ ਰਸਮੀ ਚਿੱਠੀ ਲਿਖੋ।

12. After many strong recommendations from several friends, you finally spend a night in an expensive hotel. However, your experience is well below your expectations. Write a review for a cultural magazine, describing your disappointing experience. Provide at least **five** examples of areas that require improvement.

    ਕਈ ਦੋਸਤਾਂ ਦੇ ਜ਼ਬਰਦਸਤ ਮਸ਼ਵਰੇ ਦੇਣ ਤੇ ਆਖਰਕਾਰ ਤੁਸੀਂ ਇੱਕ ਮਹਿੰਗੇ ਹੋਟਲ ਵਿੱਚ ਰਾਤ ਬਤੀਤ ਕੀਤੀ। ਪਰੰਤੂ, ਤੁਹਾਡਾ ਤਜ਼ਰਬਾ ਤੁਹਾਡੀਆਂ ਉਮੀਦਾਂ ਤੋਂ ਬਹੁਤ ਨੀਵਾਂ ਸੀ। ਇੱਕ ਸੱਭਿਆਚਾਰਕ ਰਸਾਲੇ ਲਈ ਆਪਣੇ ਨਿਰਾਸ਼ਾਜਨਕ ਤਜ਼ਰਬੇ ਨੂੰ ਵਰਣਨ ਕਰਦਾ ਮੁਲਾਂਕਣ ਲਿਖੋ। ਘੱਟ ਤੋਂ ਘੱਟ **ਪੰਜ** ਉਦਾਹਰਨਾਂ ਦਿਉ ਕਿ ਕਿਹੜੇ ਹਿੱਸਿਆਂ ਵਿੱਚ ਸੁਧਾਰ ਦੀ ਲੋੜ ਹੈ।

You may make notes in this space.

Question Number:

**End of Section 3**